# ਗੁਰਮਤਿ ਪ੍ਰਕਾਸ਼

ਅਪ੍ਰੈਲ ੨੦੦੩

[illegible] ਦੇ ਸਾਜਨਾ ਅਸਥਾਨ ਆਨੰਦਪੁਰ ਸਾਹਿਬ ਵਿਖੇ
ਆਪਣੇ ਖਾਲਸਾਈ ਜਾਹੋ-ਜਲਾਲ ਵਿਚ

## ਗੁਰੂ ਕੀਆਂ ਲਾਡਲੀਆਂ ਫੌਜਾਂ

## ਨਿਹੰਗ ਸਿੰਘ

ਨਿਹੰਗ ਸਿੰਘਾਂ
ਪੰਨਾ '13



# ਨਿਹੰਗ ਸਿੰਘ
# ਸਿੱਖੀ ਦੇ ਝੰਡਾ ਬਰਦਾਰ ਹਨ!

*ਗਿਆਨੀ ਧਰਮ ਸਿੰਘ 'ਨਿਹੰਗ ਸਿੰਘ'**

*ਜਿਥੋਂ ਤਕ 'ਨਿਹੰਗ' ਸ਼ਬਦ ਦੇ ਅਰਥ ਤਲਵਾਰ ਹੋਣ ਦੀ ਗੱਲ ਹੈ, ਇਹ ਨਿਰਾਕਾਰੀ 'ਗਿਆਨ ਖੜਗ' ਬਿਬੇਕ ਬੁੱਧੀ 'ਸਤਿ ਸਰੂਪ' ਸਚ ਕੀ ਕਾਤੀ ਹਨ। ਇਸੇ ਨੂੰ ਹੀ ਪੀਰੀ ਦੀ ਤਲਵਾਰ ਆਖਿਆ ਜਾਂਦਾ ਹੈ। ਭਗਤ ਜਨ ਜਾਂ ਗੁਰੂ ਸਾਹਿਬਾਨ ਨੇ ਅਨਮੱਤੀਆਂ ਨਾਲ ਗਿਆਨ ਚਰਚਾ ਸਮੇਂ ਇਸੇ ਗਿਆਨ ਖੜਗ ਦੀ ਵਰਤੋਂ ਕਰਕੇ ਭਰਮ-ਗਿਆਨੀਆਂ ਦੇ ਭਰਮ ਜਾਲ ਨੂੰ ਕੱਟ ਕੇ, ਭੋਲੇ-ਭਾਲੇ ਲੋਕਾਂ ਨੂੰ ਮੁਕਤੀ ਦਾ ਮਾਰਗ ਦੱਸਿਆ। ਇਸੇ ਗਿਆਨ ਖੜਗ ਨਾਲ ਗੁਰੂ ਨਾਨਕ ਸਾਹਿਬ ਨੇ ਸੱਚ ਦੇ ਰਾਜ ਦੀ ਸ਼ਕਤੀਸ਼ਾਲੀ ਅਧਾਰਸ਼ਿਲਾ ਰੱਖੀ।*

'ਨਿਹੰਗ' ਸ਼ਬਦ ਦਾ ਅਰਥ ਹੰਕਾਰ ਤੋਂ ਰਹਿਤ (ਨਿਹ-ਅਹੰ) ਹੁੰਦਾ ਹੈ। ਹੰਕਾਰ ਦਾ ਤਿਆਗ ਕਰ ਦੇਣਾ ਜਾਂ ਹੰਕਾਰ ਤੋਂ ਛੁਟਕਾਰਾ ਪਾ ਲੈਣਾ ਹੀ ਗੁਰਸਿੱਖ ਦਾ ਨਿਸ਼ਾਨਾ ਹੈ। ਗੁਰਬਾਣੀ ਦੀ ਪੂਰਨ ਸੋਝੀ ਨਾਲ ਹੰਕਾਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਰਬਾਣੀ ਦੀ ਪੂਰਨ ਸੋਝੀ ਵਾਲਾ ਗੁਰਸਿੱਖ, ਗੁਰਮੁਖ ਜਾਂ ਬਿਬੇਕ ਬੁੱਧੀ ਵਾਲਾ ਹੁੰਦਾ ਹੈ। ਬਿਬੇਕ ਬੁੱਧੀ ਨੂੰ ਹੀ ਗਿਆਨ ਖੜਗ, ਸਚ ਕੀ ਕਾਤੀ ਗੁਰਬਾਣੀ ਅੰਦਰ ਆਖਿਆ ਗਿਆ ਹੈ। ਇਹ ਨਿਰਾਕਾਰੀ ਤਲਵਾਰ ਧਾਰਨ ਕਰਕੇ ਹੀ ਜੀਵ ਨੇ ਆਪਣੇ ਮਨ ਉੱਪਰ ਜਿੱਤ ਪ੍ਰਾਪਤ ਕਰਨੀ ਹੈ। ਕਹਿਣ ਤੋਂ ਭਾਵ ਇਹ ਹੈ ਕਿ ਗੁਰਮਤਿ ਦੀ ਪੂਰਨ ਸੋਝੀ ਮਨ ਅੰਦਰ ਉੱਠਣ ਵਾਲੇ ਸਾਰੇ ਫੁਰਨਿਆਂ ਨੂੰ ਕੱਟ ਦੇਣ ਵਿਚ ਸਮਰੱਥ ਹੈ। ਮਾਇਆ ਦੇ ਫੁਰਨਿਆਂ ਦਾ ਮਨ ਵਿਚੋਂ ਉੱਠਣੋਂ ਬੰਦ ਹੋ ਜਾਣਾ ਹੀ ਆਤਮ ਗਿਆਨੀ, ਆਤਮ ਦਰਸ਼ੀ, ਮਾਇਆ ਵਿਚ ਉਦਾਸੀ ਬਣ ਜਾਣ ਦਾ ਸੂਚਕ ਹੈ। ਇਸੇ ਲਈ ਮਹਾਨ ਕੋਸ਼ ਅੰਦਰ 'ਨਿਹੰਗ' ਸ਼ਬਦ ਦੇ ਜਿਹੜੇ ਅਰਥ ਦਿੱਤੇ ਗਏ ਹਨ, ਉਹ ਉਪਰੋਕਤ ਸੰਦਰਭ ਅਨੁਸਾਰ ਹੀ ਹਨ।

ਸੰਸਾਰੀ ਲੋਕਾਂ ਨੇ ਜਿਵੇਂ ਸੰਤ, ਸਾਧ, ਬ੍ਰਹਮ ਗਿਆਨੀ, ਸਤਿਗੁਰੂ, ਗੁਰੂ ਤੇ ਦੇਵ ਆਦਿ ਨਿਰਾਕਾਰੀ ਸ਼ਬਦਾਂ ਨੂੰ ਮਾਇਆਧਾਰੀ ਦ੍ਰਿਸ਼ਟੀ ਵਾਲੇ ਅਰਥ ਦੇ ਕੇ ਆਪਣੀਆਂ ਮੱਤਾਂ ਅੰਦਰ ਪ੍ਰਚਾਰ ਰੱਖਿਆ ਸੀ। ਇਨ੍ਹਾਂ ਸਾਰੇ ਸ਼ਬਦਾਂ ਦੇ ਅਰਥ ਗੁਰਬਾਣੀ ਅੰਦਰ ਸੋਧ ਕੇ ਪੇਸ਼ ਕੀਤੇ ਗਏ ਹਨ। ਠੀਕ ਉਸੇ ਤਰ੍ਹਾਂ 'ਨਿਹੰਗ' ਸ਼ਬਦ ਦੇ ਅਰਥ ਭੀ ਭਰਮ ਗਿਆਨੀਆਂ ਨੇ ਆਪਣੀ ਮੱਤ ਅਨੁਸਾਰ ਹੀ ਮੰਨੇ ਹੋਏ ਸਨ। ਜਿਨ੍ਹਾਂ ਨੂੰ ਗੁਰਬਾਣੀ ਨੇ ਰੱਦ ਕਰ ਦਿੱਤਾ ਹੋਇਆ ਹੈ।

**ਸੱਚ ਖੋਜ ਅਕੈਡਮੀ, ਸਮਰਾਲਾ ਰੋਡ, ਖੰਨਾ (ਲੁਧਿਆਣਾ)।*

ਜਿਵੇਂ ਕਿ ਥੱਲੇ ਦਿੱਤੀਆਂ ਪੰਗਤੀਆਂ ਤੋਂ ਸਿੱਧ ਹੁੰਦਾ ਹੈ:

*ਨਿਰਭਉ ਹੋਇਓ ਭਇਆ ਨਿਹੰਗਾ॥*

*(ਆਸਾ ਮ: ੫, ਪੰਨਾ ੩੯੨)*

ਸੰਸਾਰ ਅੰਦਰ ਦੋ ਪ੍ਰਕਾਰ ਦੀਆਂ ਮੱਤਾਂ ਹਨ। ਇਕ ਮੱਤ ਤਾਂ ਸੱਚੀ ਮੱਤ, ਪ੍ਰਮੇਸ਼ਰ ਦੀ ਆਪਣੀ ਮੱਤ ਹੈ। ਜਿਹੜੀ ਮਨੁੱਖੀ ਬੁੱਧੀ ਨੂੰ ਬਿਬੇਕ ਬੁੱਧੀ ਵਿਚ ਬਦਲ ਦਿੰਦੀ ਹੈ ਅਤੇ ਉਸ ਨੂੰ ਤ੍ਰੈਕਾਲ ਦਰਸੀ ਬੁੱਧੀ ਬਣਾਉਣ ਦੇ ਨਾਲ ਨਾਲ ਪ੍ਰਲੋਕ ਦੀ ਸੋਝੀ ਭੀ ਕਰਾਉਣ ਵਾਲੀ ਹੈ। ਦੂਸਰੀ ਮੱਤ ਕਹਿਣ ਨੂੰ ਤਾਂ ਸਭ ਕੁਝ ਪਹਿਲੀ ਮੱਤ ਵਾਲੀਆਂ ਉਪਲਬਧੀਆਂ ਕਰਾ ਦੇਣ ਦਾ ਝਾਂਸਾ ਦਿੰਦੀ ਹੈ ਪਰ ਉਹ ਅਜਿਹਾ ਕਰ ਦੇਣ ਵਿਚ ਅਸਮਰੱਥ ਹੋਣ ਕਰਕੇ ਜਗਿਆਸੂ ਨੂੰ ਆਪਣੇ ਭਰਮ ਜਾਲ ਵਿਚ ਅਜਿਹਾ ਉਲਝਾਉਂਦੀ ਹੈ ਕਿ ਜਗਿਆਸੂ ਅਤਿ ਦਰਜੇ ਦਾ ਧਰਮਾਂਧ, ਅੰਧ-ਵਿਸ਼ਵਾਸੀ ਹੋ ਜਾਂਦਾ ਹੈ ਫਿਰ ਉਸ ਪਾਸੋਂ ਅਖੌਤੀ ਧਰਮ ਦੇ ਨਾਂ ਉੱਤੇ ਜਾਇਜ਼-ਨਾਜਾਇਜ਼ ਜੋ ਕੁਝ ਮਰਜੀ ਕਰਵਾਇਆ ਜਾ ਸਕਦਾ ਹੈ। ਕਿਉਂਕਿ ਉਸ ਅੰਦਰਲੀ ਬਿਬੇਕ ਸ਼ਕਤੀ ਹੀ ਨਸ਼ਟ ਕਰ ਦਿੱਤੀ ਜਾਂਦੀ ਹੈ। ਇਸ ਲਈ ਅਜਿਹੇ ਲੋਕ, ਮਨ ਜਾਂ ਆਤਮਾ ਦੀ ਪਵਿੱਤਰਤਾ ਦੀ ਥਾਂ ਬਾਹਰੀ ਸਰੀਰ ਦੀ ਪਵਿੱਤਰਤਾ ਤਕ ਹੀ ਸੀਮਤ ਹੋ ਜਾਂਦੇ ਹਨ। ਮਨ ਦੀ ਤ੍ਰਿਪਤੀ ਬਾਹਰੀ ਮਾਇਕ ਪਦਾਰਥਾਂ ਦੀ ਪ੍ਰਾਪਤੀ ਦੁਆਰਾ ਹੀ ਹੋ ਜਾਣ ਦਾ ਭਰਮ ਪਾਲ਼ ਕੇ ਮਾਇਕ ਪਦਾਰਥਾਂ ਨੂੰ ਇਕੱਠਾ ਕਰਨ ਵਿਚ ਹੀ ਲੱਗੇ ਰਹਿੰਦੇ ਹਨ। ਆਪਣੇ ਅੰਦਰਲੇ ਨਿਰਾਕਾਰ ਦੀ ਸੋਝੀ ਤੋਂ ਸੱਖਣੇ ਇਹ ਭਰਮ-ਗਿਆਨੀ ਤੇ ਸਾਕਤ, ਅੰਧਕਾਰ ਵਿਚ ਫਸੇ ਹੋਏ ਆਪਣਾ ਮਨੁੱਖੀ ਜਨਮ ਅਜਾਈਂ ਗੁਆ ਕੇ ਚਲੇ ਜਾਂਦੇ ਹਨ। ਅੰਧਕਾਰ ਵਿਚ ਫਸੇ ਹੋਏ ਇਹ ਲੋਕ ਆਪਣੇ ਦੇਵੀ-ਦੇਵਤਿਆਂ ਅੱਗੇ ਆਪਣੀ ਸਰੀਰਕ ਬਲੀ ਦੇ ਦੇਣ ਨੂੰ ਅਤਿ ਪੁੰਨ ਕਰਮ ਮੰਨਦੇ ਹਨ। ਅਜਿਹੇ ਆਤਮ ਹਤਿਆਰਿਆਂ ਨੂੰ ਹੀ ਨਿਰਭੈ 'ਨਿਹੰਗ' ਮੰਨਿਆ ਜਾਂਦਾ ਸੀ। ਜਦ ਕਿ ਗੁਰਮਤਿ ਸੱਚੀ ਮੱਤ ਅਨੁਸਾਰ ਬਲੀ ਤਾਂ ਮਨ ਦੀ ਦੇਣੀ ਚਾਹੀਦੀ ਸੀ। ਭਾਵ ਮਰਨਾ ਤਾਂ ਮਨ ਕਰਕੇ ਸੀ ਪਰ ਤਨ (ਸਰੀਰ) ਕਰਕੇ ਮਰਨ ਨੂੰ ਹੀ ਧਾਰਮਕ ਕੰਮ ਜਾਂ ਪੁੰਨ ਕਰਮ ਮੰਨ ਲਿਆ, ਜੋ ਕਿ ਇਕ ਅਪਰਾਧ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਉਪਰੋਕਤ ਗੁਰਬਾਣੀ ਦੀ ਪੰਗਤੀ ਇਸੇ ਗੱਲ ਵੱਲ ਸੰਕੇਤ ਹੈ।

ਜਿਥੋਂ ਤਕ 'ਨਿਹੰਗ' ਸ਼ਬਦ ਦੇ ਅਰਥ ਤਲਵਾਰ ਹੋਣ ਦੀ ਗੱਲ ਹੈ, ਇਹ ਨਿਰਾਕਾਰੀ 'ਗਿਆਨ ਖੜਗ' ਬਿਬੇਕ ਬੁੱਧੀ 'ਸਤਿ ਸਰੂਪ' ਸਚ ਕੀ ਕਾਤੀ ਹਨ। ਇਸੇ ਨੂੰ ਹੀ ਪੀਰੀ ਦੀ ਤਲਵਾਰ ਆਖਿਆ ਜਾਂਦਾ ਹੈ। ਭਗਤ ਜਨ ਜਾਂ ਗੁਰੂ ਸਾਹਿਬਾਨ ਨੇ ਅਨਮੱਤੀਆਂ ਨਾਲ ਗਿਆਨ ਚਰਚਾ ਸਮੇਂ ਇਸੇ ਗਿਆਨ ਖੜਗ ਦੀ ਵਰਤੋਂ ਕਰਕੇ ਭਰਮ-ਗਿਆਨੀਆਂ ਦੇ ਭਰਮ ਜਾਲ਼ ਨੂੰ ਕੱਟ ਕੇ, ਭੋਲੇ-ਭਾਲੇ ਲੋਕਾਂ ਨੂੰ ਮੁਕਤੀ ਦਾ ਮਾਰਗ ਦੱਸਿਆ। ਇਸੇ ਗਿਆਨ ਖੜਗ ਨਾਲ ਗੁਰੂ ਨਾਨਕ ਸਾਹਿਬ ਨੇ ਸੱਚ ਦੇ ਰਾਜ ਦੀ ਸ਼ਕਤੀਸ਼ਾਲੀ ਅਧਾਰਸ਼ਿਲਾ ਰੱਖੀ। ਭਾਵ ਗੁਰਮਤਿ, ਸੱਚੀ ਮਤਿ ਦੇ ਅਧਾਰ 'ਤੇ ਹੀ ਆਪ ਚੱਲੇ ਅਤੇ ਦਸਵੇਂ ਜਾਮੇ ਤਕ ਚੱਲਦੇ ਰਹੇ। ਅੱਗੋਂ ਖਾਲਸਾ ਪੰਥ ਸਾਜ ਕੇ ਗੁਰਬਾਣੀ ਰੂਪ ਗਿਆਨ ਖੜਗ ਦਾ ਧਾਰਨੀ ਖਾਲਸਾ (ਨਿਹੰਗ) ਪੰਥ ਕਾਇਮ ਕਰ ਦਿੱਤਾ। ਹੁਣ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਜ਼ੁੰਮਾ 'ਨਿਹੰਗ ਸਿੰਘਾਂ' ਸਿਰ ਹੈ। ਇਹ ਅੱਜ ਤੋਂ ਹੀ ਨਹੀਂ ਬਲਕਿ ਇਹ ਜ਼ੁੰਮੇਵਾਰੀ ਤਾਂ ਸਿੰਘਾਂ ਨੂੰ ਉਸੇ ਸਮੇਂ ਹੀ ਦੇ ਦਿੱਤੀ ਸੀ, ਜਦੋਂ ਉਨ੍ਹਾਂ (ਸਤਿਗੁਰੂ ਜੀ) ਨੇ ਆਪ ਪੰਜਾਂ ਪਿਆਰਿਆਂ ਪਾਸੋਂ

ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਭਾਵੇਂ ਸਤਿਗੁਰੂ ਜੀ ਆਪਣੇ ਸੰਸਾਰੀ ਸਰੀਰ ਹੁੰਦਿਆਂ ਗੁਰਮਤਿ ਦੀ ਸੋਝੀ ਆਪ ਹੀ ਕਰਾਉਂਦੇ ਰਹੇ ਪਰ ਉਨ੍ਹਾਂ ਨੇ ਆਪਣੇ ਆਪ ਨੂੰ ਸਦਾ ਹੀ ਖਾਲਸਾ ਪੰਥ ਤੋਂ ਉੱਪਰ ਕਦੇ ਨਹੀਂ ਸੀ ਮੰਨਿਆ। ਇਸੇ ਲਈ ਹੀ ਤਾਂ ਉਹ ਨਿਹੰਗ ਸਿੰਘਾਂ (ਪੰਜ ਸਿੰਘਾਂ) ਦਾ ਬਚਨ ਮੰਨ ਕੇ ਗੜ੍ਹੀ ਚਮਕੌਰ ਛੱਡਣ ਲਈ ਤਿਆਰ ਹੋਏ ਸਨ। ਤਦ ਉਪਰੰਤ ਖਾਲਸਾ ਪੰਥ ਦੀ ਵਾਗਡੋਰ ਹਮੇਸ਼ਾ ਹੀ ਪੰਜ ਮੁਖੀ ਸਿੰਘਾਂ ਦੀ ਰਹਿਨੁਮਾਈ ਵਿਚ ਰਹੀ ਹੈ। ਜਾਂ ਇਉਂ ਕਹਿ ਲਵੋ ਕਿ ਸਤਿਗੁਰੂ ਜੀ ਦੀ ਥਾਂ ਪੰਜ ਸਿੰਘ ਹੀ ਖਾਲਸਾ ਪੰਥ ਦੀ ਧਾਰਮਕ ਰਹਿਨੁਮਾਈ ਕਰਦੇ ਰਹੇ।

ਗੁਰਮਤਿ, ਆਦਿ ਪ੍ਰਮੇਸ਼ਰ ਦੀ ਮੱਤ ਹੋਣ ਕਰਕੇ ਆਦਿ ਮਤਿ ਹੈ। ਇਹ ਅੰਤਰ ਆਤਮਾ ਦੀ ਆਵਾਜ਼ ਸਭ ਦੇ ਹੀ ਅੰਦਰ ਹੈ। ਇਸੇ ਲਈ ਇਸ ਦੀ ਪ੍ਰਾਪਤੀ ਹਮੇਸ਼ਾ ਹੀ ਅੰਦਰੋਂ ਹੁੰਦੀ ਰਹੀ ਹੈ ਅਤੇ ਹੁੰਦੀ ਰਹੇਗੀ। 'ਨਿਹੰਗ ਖਾਲਸਾ', ਇਸੇ ਮੱਤ ਦਾ ਧਾਰਨੀ ਅਬਿਨਾਸ਼ੀ ਰਾਜ ਦਾ ਅਧਿਕਾਰੀ, ਅਬਿਨਾਸ਼ੀ ਸ਼ਬਦ ਗੁਰੂ ਦੇ ਚਰਨਾਂ ਦਾ ਭੌਰਾ, ਸੰਸਾਰੀ ਰਾਜ-ਭਾਗ ਦਾ ਤਿਆਗੀ, ਪ੍ਰਮੇਸ਼ਰ ਤੋਂ ਬਿਨਾਂ ਕਿਸੇ ਸੰਸਾਰੀ ਆਦਮੀ ਨੂੰ ਰਾਜਾ ਨਾ ਮੰਨਣ ਵਾਲਾ ਹੈ। ਅੱਜ ਤਕ ਕਦੇ ਭੀ ਇਸ ਮਤਿ ਦੇ ਧਾਰਨੀਆਂ ਅੰਦਰ ਸੰਸਾਰੀ ਰਾਜ-ਭਾਗ ਪ੍ਰਤੀ ਇੱਛਾ ਪ੍ਰਗਟ ਨਹੀਂ ਹੋਈ।

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥ (ਪੰਨਾ ੫੩੪) ਦਾ ਉਪਦੇਸ਼ 'ਰਾਜ ਕਰੇਗਾ ਖਾਲਸਾ' ਦੀ ਭਾਵਨਾ 'ਤੇ ਕੁੰਡੇ ਦੀ ਨਿਆਈਂ ਹੈ। ਜੇ ਇਸ ਭਾਵਨਾ ਨੂੰ ਖਾਲਸਾ ਅਬਿਨਾਸ਼ੀ ਰਾਜ ਲਈ, ਜੀਵਨ ਮੁਕਤ ਅਵਸਥਾ ਲਈ ਵਰਤ ਰਿਹਾ ਹੋਵੇ, ਤਾਂ ਉਹ ਗੁਰੂ ਤੋਂ ਬੇਮੁਖ ਨਹੀਂ ਹੋ ਸਕਦਾ। ਭਾਵੇਂ ਮਿਸਲਾਂ ਦਾ ਰਾਜ ਕਰਨ ਵਾਲੇ ਸਰਦਾਰ ਭੀ ਇਸੇ ਖਾਲਸੇ ਵਿਚੋਂ ਸਨ ਪਰ ਮਿਸਲਦਾਰ ਬਣਨ ਤੋਂ ਪਹਿਲਾਂ ਗੁਰੂ ਕਾ ਬਾਣਾ ਇਸੇ ਲਈ ਉਤਰਵਾ ਲਿਆ ਜਾਂਦਾ ਸੀ ਕਿਉਂਕਿ ਅਜਿਹੇ ਖਾਲਸੇ ਨੂੰ ਦੂਜੇ ਨੰਬਰ ਦਾ ਸਿੱਖ ਮੰਨਿਆ ਜਾਂਦਾ ਸੀ। ਇਸੇ ਲਈ ਨਿਹੰਗ ਸਿੰਘਾਂ ਦਾ ਬਾਣਾ ਅਤੇ ਸਿੱਖ ਸਰਦਾਰਾਂ ਦਾ ਬਾਣਾ ਵੱਖਰਾ ਵੱਖਰਾ ਸੀ। ਨਿਹੰਗ ਸਿੰਘਾਂ ਨੇ ਕਦੇ ਭੀ ਅੱਜ ਤਕ ਸੰਸਾਰੀ ਰਾਜ-ਭਾਗ ਪ੍ਰਾਪਤ ਕਰਨ ਦੀ ਇੱਛਾ ਨਹੀਂ ਰੱਖੀ, ਭਾਵੇਂ ਅੱਜ ਨਿਹੰਗ ਸਿੰਘਾਂ ਵਿਚੋਂ ਭੀ ਬਹੁਤ ਸਾਰਿਆਂ ਨੂੰ ਇਸ ਭੇਤ ਦਾ ਗਿਆਨ ਸ਼ਾਇਦ ਨਾ ਹੋਵੇ, ਕਿਉਂਕਿ ਸਮੇਂ ਦੇ ਗੇੜ ਨਾਲ ਬਹੁਤ ਸਾਰੀਆਂ ਕਮਜ਼ੋਰੀਆਂ ਆ ਜਾਣੀਆਂ ਕੁਦਰਤੀ ਗੱਲ ਹੈ। ਗੁਰਮਤਿ ਦੀ ਪੂਰਨ ਸੋਝੀ ਦੀ ਘਾਟ ਇਸ ਦਾ ਸਭ ਤੋਂ ਵੱਡਾ ਕਾਰਨ ਹੈ।

'ਨਿਹੰਗ ਸਿੰਘ' ਆਪਣੇ ਆਪ ਨੂੰ ਅਕਾਲ ਪੁਰਖ ਕੀ ਫੌਜ ਮੰਨਦੇ ਹਨ। ਦਸਮ ਪਾਤਸ਼ਾਹ ਨੇ ਭੀ ਖਾਲਸੇ ਨੂੰ ਅਕਾਲ ਪੁਰਖ ਕੀ ਫੌਜ ਹੀ ਬਣਾਇਆ ਸੀ। ਇਸੇ ਲਈ ਅੰਮ੍ਰਿਤ ਪਾਨ ਕਰਾਉਣ ਸਮੇਂ ਸਿੰਘਾਂ ਨੂੰ ਆਖਿਆ ਜਾਂਦਾ ਹੈ, "ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ"। ਇਹ ਕਥਨ ਵਾਰ ਵਾਰ ਦੁਹਰਾਇਆ ਜਾਂਦਾ ਹੈ। ਜਿਸ ਦਾ ਭਾਵ ਇਹ ਹੈ ਕਿ 'ਖਾਲਸਾ ਅੱਜ ਤੋਂ ਪ੍ਰਮੇਸ਼ਰ ਦਾ ਹੋ ਚੁਕਾ ਹੈ ਅਤੇ ਖਾਲਸੇ ਦੀ ਫਤਹ ਪ੍ਰਮੇਸ਼ਰ ਦੇ ਹੁਕਮ ਤੋਂ ਬਿਨਾਂ ਸੰਭਵ ਨਹੀਂ। ਪ੍ਰਮੇਸ਼ਰ ਦੇ ਹੁਕਮ ਦੁਆਰਾ ਪ੍ਰਾਪਤ ਹੋਈ ਫਤਹ, ਪ੍ਰਮੇਸ਼ਰ ਵਾਹਿਗੁਰੂ ਦੀ ਹੀ ਫਤਹ ਹੋਵੇਗੀ। ਕਿਸੇ ਵਿਅਕਤੀ ਦੀ ਫਤਹ ਹੋਣ ਦਾ ਭਰਮ ਨਾ ਪਾਲ਼ ਲੈਣਾ। ਜੇ ਆਪਣੀ ਜਾਂ ਆਪਣੇ ਸਾਥੀਆਂ ਦੀ ਫਤਹ ਦਾ ਭਰਮ ਪਾਲ਼ ਲਿਆ ਤਾਂ ਮਾਫ ਕਰਨਾ! ਅਜਿਹਾ ਖਾਲਸਾ ਅਸਲ ਅਰਥਾਂ 'ਚ ਖਾਲਸਾ ਨਹੀਂ ਰਹੇਗਾ। ਗੁਰੂ ਪ੍ਰਮੇਸ਼ਰ ਤੋਂ

ਬੇਮੁਖ, ਉਹ ਹੰਕਾਰੀ, ਮੂਰਖ, ਮਾਇਆਧਾਰੀ ਅਤਿ ਅੰਨ੍ਹਾ ਬੋਲ਼ਾ ਹੋ ਜਾਵੇਗਾ।

ਜਿਥੋਂ ਤਕ ਖਾਲਸੇ ਦਾ ਮਾਇਆ ਤੋਂ ਨਿਰਲੇਪ ਹੋਣ ਦਾ ਸਵਾਲ ਹੈ, ਅੱਜ ਦੇ ਪਦਾਰਥਵਾਦੀ ਯੁੱਗ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਭੀ ਨਿਹੰਗ ਸਿੰਘਾਂ ਉੱਪਰ ਪਰਮਾਤਮਾ ਦੀ ਕਾਫੀ ਕਿਰਪਾ ਹੈ। ਅੱਜ ਭੀ ਇਨ੍ਹਾਂ ਵਿਚੋਂ ਬਹੁਤ ਸਾਰੇ ਸਿੰਘ, ਮਾਇਆ ਜਾਲ਼ ਤੋਂ ਉੱਪਰ ਗੁਰੂ ਕੇ ਪਿਆਰੇ ਹਨ। ਪਿਛਲੇ ਸਮੇਂ ਵਿਚ ਤਾਂ ਨਿਹੰਗ ਸਿੰਘਾਂ ਵਿਚ ਵੱਡੇ ਵੱਡੇ ਸੰਤੋਖੀ ਸਿੰਘ ਵੀ ਹੋ ਚੁਕੇ ਹਨ, ਜਿਨ੍ਹਾਂ ਨੇ ਰਣਜੀਤ ਸਿੰਘ ਦੇ ਮਾਇਆ ਜਾਲ਼ ਨੂੰ ਸਮਝ ਕੇ ਗੁਰਦੁਆਰਿਆਂ ਦੀ ਪੂਜਾ ਦੇ ਧਾਨ ਤੋਂ ਗੁਰੂ ਖਾਲਸੇ ਨੂੰ ਬਚਾਈ ਰੱਖਿਆ। ਇਸੇ ਲਈ ਜਦ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਦੇ ਹੱਥ ਚਲਾ ਗਿਆ ਤਾਂ ਮਹੰਤਾਂ ਉੱਪਰ ਨਿਗਰਾਨੀ ਪੰਥ ਖਾਲਸਾ ਆਪ ਰੱਖਦਾ ਸੀ। ਸਿੱਖ ਸੰਗਤ ਨਾਲ ਇਨ੍ਹਾਂ ਦਾ ਬਹੁਤਾ ਤਾਲ-ਮੇਲ ਇਸੇ ਲਈ ਨਹੀਂ ਬਣ ਸਕਿਆ, ਕਿਉਂਕਿ ਸੰਸਾਰੀ ਮਾਰਗ ਦੀ ਧਾਰਨੀ ਸਿੱਖ ਸੰਗਤ ਨਿਰੋਲ ਗੁਰਮਤਿ ਦੇ ਮਾਰਗ ਉੱਤੇ ਚੱਲਣ ਵਾਲਿਆਂ ਨੂੰ ਕਮਲੇ ਹੀ ਮੰਨਦੀ ਰਹੀ ਹੈ। ਸਿੱਖ ਲੀਡਰ ਜਿਹੜੇ ਕਿ ਆਪਣੇ ਆਪ ਨੂੰ ਸਿੱਖਾਂ ਦੇ ਰਖਵਾਲੇ ਮੰਨਦੇ ਹਨ, ਭੀ ਨਿਹੰਗ ਸਿੰਘਾਂ ਨਾਲ ਅੰਦਰਖਾਤੇ ਈਰਖਾ ਹੀ ਕਰਦੇ ਰਹੇ ਹਨ। ਉਹ ਇਸ ਲਈ ਕਿ ਨਿਹੰਗ ਸਿੰਘ, ਇਨ੍ਹਾਂ ਦੇ ਅੰਦਰ ਛੁਪੀ ਹੋਈ ਭਾਵਨਾ ਤੋਂ ਭਲੀ-ਭਾਂਤ ਜਾਣੂ ਸਨ, ਕਿਉਂਕਿ ਮਿਸਲਾਂ ਦਾ ਰਾਜ ਕਾਇਮ ਕਰਵਾ ਕੇ ਖਾਲਸੇ ਨੇ ਕਈ ਖੱਟੇ-ਮਿੱਠੇ ਤਜਰਬੇ ਕੀਤੇ ਹੋਏ ਹਨ। ਨਿਹੰਗ ਸਿੰਘ ਤਾਂ ਸਿੱਖੀ ਦੇ ਝੰਡਾ ਬਰਦਾਰ ਹਨ; ਪਰ ਪੰਥ ਖਾਲਸੇ ਤੋਂ ਸਰਦਾਰੀਆਂ ਭਾਵ ਰਾਜ-ਭਾਗ ਦੀ ਸੱਤਾ ਪ੍ਰਾਪਤ ਕਰਕੇ ਸਿੱਖੀ (ਗੁਰਮਤਿ) ਦਾ ਹੀ ਨੁਕਸਾਨ ਕਰਨ ਵਾਲੇ ਅਖੌਤੀ ਠੇਕੇਦਾਰ, ਬਿਬੇਕ ਬੁੱਧੀ ਵਾਲੇ ਪੰਥ ਖਾਲਸੇ ਨੂੰ ਹੁਣ ਅੱਗੇ ਲਈ ਬੇਵਕੂਫ ਨਹੀਂ ਬਣਾ ਸਕਦੇ। ਸ਼ੁਕਰ ਹੈ ਕਿ ਹੁਣ ਤਾਂ ਆਮ ਸਿੱਖ ਸੰਗਤ ਨੂੰ ਭੀ ਇਨ੍ਹਾਂ ਦੇ ਅੰਦਰਲੇ ਕਪਟ ਦਾ ਗਿਆਨ ਹੋ ਚੁਕਿਆ ਹੈ। ■

## ਇੰਜ ਨਾ ਕਰੋ!

'ਗੁਰਮਤਿ ਪ੍ਰਕਾਸ਼' ਦੇ ਕਾਲਮਾਂ ਵਿਸ਼ੇਸ਼ ਕਰ 'ਹੱਡ-ਬੀਤੀ/ਜੱਗ-ਬੀਤੀ', 'ਤੁਹਾਡੀ ਚਿੱਠੀ ਮਿਲੀ', 'ਵਿਅੰਗੜੀਆਂ' ਅਤੇ 'ਕਵਿਤਾਵਾਂ' ਵਾਸਤੇ ਕੁਝ ਸੱਜਣਾਂ ਵੱਲੋਂ ਭੇਜਿਆ ਲਿਖਤੀ ਮੈਟਰ, ਦੋ ਜਾਂ ਤਿੰਨ ਕਾਲਮਾਂ ਦਾ ਮਿਲ਼ਗੋਭਾ ਰੂਪ 'ਚ ਪ੍ਰਾਪਤ ਹੁੰਦਾ ਹੈ। ਲੇਖਕ ਅਤੇ ਪਾਠਕ ਵੀਰਾਂ-ਭੈਣਾਂ ਪ੍ਰਤੀ ਬੇਨਤੀ ਹੈ ਕਿ ਉਹ ਵੱਖ-ਵੱਖ ਕਾਲਮਾਂ ਲਈ ਅਲੱਗ-ਅਲੱਗ ਤੇ ਨਿਖੇੜਵਾਂ ਮੈਟਰ ਭੇਜਣ ਦੀ ਖੇਚਲ ਕਰਿਆ ਕਰਨ। ਐਡਰੈੱਸ ਠੀਕ ਕਰਵਾਉਣ ਜਾਂ ਪਰਚਾ ਨਾ ਪੁੱਜਣ ਦੀ ਸ਼ਿਕਾਇਤ ਵੱਖਰੇ ਕਾਗਜ਼ 'ਤੇ ਲਿਖੀ ਜਾਵੇ। ਤਕਨੀਕੀ ਕਾਰਨਾਂ ਕਰਕੇ ਅਸੀਂ ਮਿਲਗੋਭਾ ਰਚਨਾਵਾਂ ਛਾਪਣ ਤੋਂ ਅਸਮਰੱਥ ਹੋਵਾਂਗੇ। ਸਾਫ਼ ਤੇ ਸਪੱਸ਼ਟ ਰੂਪ 'ਚ ਲਿਖੀਆਂ ਸੰਖੇਪ ਤੇ ਭਾਵਪੂਰਨ ਰਚਨਾਵਾਂ ਦਾ ਸਵਾਗਤ ਕਰਾਂਗੇ। ਪੋਸਟ ਕਾਰਡ ਕੇਵਲ 'ਤੁਹਾਡੀ ਚਿੱਠੀ ਮਿਲੀ' ਕਾਲਮ ਲਈ ਹੀ ਵਰਤਿਆ ਜਾਵੇ।

*ਸੰਪਾਦਕ*